# ਹਿੰਦੁਸਤਾਨ ਦੀ ਕਮਿਉਨਿਸਟ ਪਾਰਟੀ ਦੀ ਸਥਾਪਨਾ ਦੀ 80ਵੀਂ ਵਰ੍ਹੇ-ਗੰਢ

ਦਸੰਬਰ 25, 2005 ਨੂੰ ਹਿੰਦੁਸਤਾਨ ਵਿਚ ਕਮਿਉਨਿਸਟ ਪਾਰਟੀ ਦੀ ਸਥਾਪਨਾ ਦੀ 80ਵੀਂ ਵਰ੍ਹੇ-ਗੰਢ ਮਨਾਈ ਗਈ। ਇਸ ਮੌਕੇ ਉੱਤੇ ਸੀ.ਪੀ.ਆਈ, ਸੀ.ਪੀ.ਆਈ.(ਐਮ), ਸੀ.ਪੀ.ਆਈ.(ਐਮ-ਐਲ) ਅਤੇ ਹੋਰ ਵੀ ਕਈ ਜਥੇਬੰਦੀਆਂ ਨੇ ਜਲਸੇ ਅਤੇ ਮੇਲੇ ਕੀਤੇ। 25 ਦਸੰਬਰ 1925 ਦਾ ਦਿਨ ਹਿੰਦੁਸਤਾਨ ਦੀ ਮਜ਼ਦੂਰ ਜਮਾਤ ਦੇ ਇਤਿਹਾਸ ਵਿਚ ਇਹ ਇਕ ਤਾਰੀਖ਼ੀ ਪੜਾਅ ਸੀ। ਇਸ ਦਿਨ ਮਜ਼ਦੂਰ ਜਮਾਤ ਨੇ ਆਪਣੀ ਇਕ ਆਜ਼ਾਦ ਸਿਆਸਤ ਅਤੇ ਪ੍ਰੋਗਰਾਮ ਉਲੀਕਿਆ ਸੀ। ਸਾਰੇ ਹਿੰਦੁਸਤਾਨ ਦੇ ਕਮਿਉਨਿਸਟਾਂ ਨੇ ਇਕੱਠੇ ਹੋਕੇ ਇਸ ਪਾਰਟੀ ਨੂੰ ਜਨਮ ਦਿਤਾ ਸੀ। ਮਜ਼ਦੂਰ ਜਮਾਤ ਦੀ ਜੱਦੋ-ਜਹਿਦ ਲਈ ਇਹ ਇਕ ਵੱਡੀ ਪ੍ਰਾਪਤੀ ਸੀ। ਦੁਨੀਆ ਭਰ ਦੇ ਕਮਿਉਨਿਸਟਾਂ ਅਤੇ ਇਨਕਲਾਬੀਆਂ ਨੇ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਸੀ। ਕਮਿਉਨਿਸਟ ਇੰਟਰਨੈਸ਼ਨਲ ਅਤੇ ਸਟਾਲਿਨ ਨੇ ਇਸ ਨੂੰ ਇਕ ਬਹੁਤ ਵੱਡੀ ਪ੍ਰਾਪਤੀ ਕਿਹਾ ਸੀ।

ਇਨਕਲਾਬ ਲਈ ਲੋਕਾਂ ਦੇ ਜਜ਼ਬਾਤਾਂ ਅਤੇ ਬਸਤੀਵਾਦ ਦੇ ਖ਼ਿਲਾਫ਼ ਲਹਿਰ ਦੇ ਤੇਜ਼ ਹੋਣ ਕਰਕੇ ਪਾਰਟੀ ਨੇ ਬਹੁਤ ਛੇਤੀ ਹੀ ਮਜ਼ਦੂਰ ਜਮਾਤ ਅਤੇ ਕਿਸਾਨਾਂ ਦੇ ਦਿਲਾਂ ਵਿਚ ਆਪਣੀ ਥਾਂ ਬਣਾ ਲਈ। ਪਾਰਟੀ ਦੇ ਸਰਗਰਮ ਕਾਰਕੁਨ ਆਜ਼ਾਦੀ ਦੀ ਜੰਗ ਅਤੇ ਲੁੱਟ ਖਸੁੱਟ ਦੇ ਖ਼ਿਲਾਫ਼ ਸੰਘਰਸ਼ ਵਿਚ ਸਭ ਤੋਂ ਅੱਗੇ ਸਨ। ਇਨ੍ਹਾਂ ਇਨਕਲਾਬੀ ਵਰਕਰਾਂ ਦੀ ਕੁਰਬਾਨੀਆਂ ਸਦਕਾ ਪਾਰਟੀ ਨੂੰ ਲੋਕਾਂ ਵਿਚ ਬਹੁਤ ਹੀ ਇੱਜ਼ਤ ਅਤੇ ਮਾਣ ਮਿਲਿਆ। ਹਜ਼ਾਰਾਂ ਹੀ ਪਾਰਟੀ ਵਰਕਰਾਂ ਅਤੇ ਕਮਿਉਨਿਸਟਾਂ ਨੇ ਆਜ਼ਾਦੀ ਲਈ ਅਤੇ ਮੁਲਕ ਦੀ ਨਵੀਂ ਉਸਾਰੀ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿਤੀ। ਹਿੰਦੁਸਤਾਨ ਦੇ ਤਮਾਮ ਰੌਸ਼ਨ ਖ਼ਿਆਲ, ਜਮਹੂਰਪਸੰਦ ਅਤੇ ਇਨਕਲਾਬੀ ਘੁਲਾਟੀਏ ਪਾਰਟੀ ਦੇ ਨਾਲ ਸਨ ਜਾਂ ਇਹਦੇ ਹਮਦਰਦ ਸਨ।

ਪਰ ਪਾਰਟੀ ਦੀ ਸਾਰਿਆਂ ਨਾਲੋਂ ਵੱਡੀ ਘਾਟ ਇਹ ਸੀ ਕਿ ਇਹਦੇ ਕੋਲ ਆਪਣਾ ਕੋਈ ਦਰਸ਼ਨ ਨਹੀਂ ਸੀ, ਕੋਈ ਫ਼ਲਸਫ਼ਾ ਨਹੀਂ ਸੀ। ਪਾਰਟੀ ਨੇ ਹਿੰਦੁਸਤਾਨੀ ਦਰਸ਼ਨ ਅਤੇ ਫ਼ਲਸਫ਼ੇ ਤੋਂ ਕੋਈ ਸੇਧ ਨਹੀਂ ਲਈ। ਹਿੰਦੁਸਤਾਨ ਦੀ ਤਾਰੀਖ਼ ਅਤੇ ਦਰਸ਼ਨ ਦੇ ਆਧਾਰ ਤੇ ਇਸ ਨੇ ਹਿੰਦੁਸਤਾਨ ਦਾ ਨਿਰਨਾ ਨਹੀਂ ਕੀਤਾ ਅਤੇ ਨਾ ਆਪਣੀ ਯੁਧਨੀਤੀ ਹੀ ਇਹਦੇ ਆਧਾਰ ਤੇ ਬਣਾਈ। ਕਾਂਗਰਸ, ਮੁਸਲਮ ਲੀਗ ਅਤੇ ਹੋਰਨਾਂ ਪਾਰਟੀਆਂ ਵਾਂਗ ਹੀ ਇਹ ਪਾਰਟੀ ਵੀ ਯੂਰਪੀਅਨ ਲਿਬਰਲ ਸਿਧਾਂਤ ਦੀ ਸ਼ਿਕਾਰ ਰਹੀ। ਮਾਰਕਸਵਾਦ ਨੂੰ ਅਮਲ ਦਾ ਰਾਹ ਰੌਸ਼ਨ ਕਰਨ ਵਾਲੀ ਵਿਚਾਰਧਾਰਾ ਦੇ ਤੌਰ ਤੇ ਵਰਤਣ ਦੀ ਥਾਂ ਤੇ ਇਹਦੀ ਵਰਤੋਂ ਹਿੰਦੁਸਤਾਨੀ ਦਰਸ਼ਨ ਨੂੰ ਨਕਾਰਨ ਲਈ ਹੀ ਕੀਤੀ ਗਈ।

ਪਾਰਟੀ ਨੇ ਆਪਣੀ ਕਿਸੇ ਦਸਤਾਵੇਜ਼ ਜਾਂ ਪਾਰਟੀ ਕਾਂਗਰਸ ਵਿਚ ਹਿੰਦੁਸਤਾਨੀ ਦਰਸ਼ਨ, ਸਿਆਸੀ ਸੇਧ, ਆਰਥਕ ਅਤੇ ਸਿਆਸੀ  ਨਜ਼ਰੀਏ ਅਤੇ ਇਹਦੀ ਲੋੜ ਬਾਰੇ ਕਦੀ ਕੋਈ ਚਰਚਾ ਨਹੀਂ ਛੇੜੀ। ਇਸ ਘਾਟ ਕਰਕੇ ਕਮਿਉਨਿਸਟ ਲਹਿਰ ਸਿਧਾਂਤਕ ਅਤੇ ਰੂਹਾਨੀ ਤੌਰ ਤੇ ਮਜ਼ਬੂਤ ਨਹੀਂ ਹੋ ਸਕੀ ਅਤੇ ਲਿਬਰਲ ਡੈਮੋਕ੍ਰੇਸੀ ਨਾਲ ਹੀ ਜੁੜੀ ਰਹੀ। ਇਸ ਕਰਕੇ ਇਹ ਪਹਿਲੇ ਦਿਨੋਂ ਹੀ ਕਾਂਗਰਸ ਅਤੇ ਨਹਿਰੂ-ਗਾਂਧੀ ਦੇ ਪਿੱਛੇ ਲੱਗੀ ਰਹੀ। ਹੁਣ ਵੀ ਕਮਿਉਨਿਸਟ ਲਹਿਰ ਦਾ ਇਕ ਵੱਡਾ ਹਿੱਸਾ ਮਨਮੋਹਨ ਸਿੰਘ ਅਤੇ ਕਾਂਗਰਸ ਦਾ ਹਮੈਤੀ ਬਣਿਆ ਹੋਇਆ ਹੈ। ਹਿੰਦੁਸਤਾਨੀ ਦਰਸ਼ਨ ਦੀ ਘਾਟ ਕਰਕੇ ਹੀ ਪਾਰਟੀ ਨੇ 1944 ਵਿਚ ਪਾਕਿਸਤਾਨ ਮਤਾ ਪਾਸ ਕਰਕੇ ਹਿੰਦੁਸਤਾਨ ਦੀ ਫਿਰਕੂ ਆਧਾਰ ਤੇ ਵੰਡ ਦੀ ਹਿਮਾਇਤ ਕੀਤੀ। ਇਸ ਸਿਧਾਂਤਕ ਘਾਟ ਕਰਕੇ ਹੀ ਕਮਿਉਨਿਸਟਾਂ ਨੇ ਨਾ ਤਾਂ ਹੱਕਾਂ ਬਾਰੇ ਕੋਈ ਸਿਧਾਂਤ ਵਿਕਸਿਤ ਕੀਤਾ ਨਾ ਜਾਤ-ਪਾਤ ਦੇ ਮਸਲੇ ਬਾਰੇ, ਅਤੇ ਨਾ ਕੌਮਾਂ, ਕੌਮੀਅਤਾਂ ਅਤੇ ਕਬੀਲਿਆਂ ਬਾਰੇ ਹੀ ਕੋਈ ਸਿਧਾਂਤ ਵਿਕਸਿਤ ਕੀਤਾ। ਇਨ੍ਹਾਂ ਸਾਰੇ ਮਸਲਿਆਂ ਨੂੰ ਇਨ੍ਹਾ ਯੂਰਪੀਅਨ ਨਜ਼ਰੀਏ ਨਾਲ ਹੀ ਦੇਖਿਆ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਕਮਿਉਨਿਸਟ ਪਾਰਟੀ ਦੀ 80ਵੀਂ ਵਰ੍ਹੇ ਗੰਡ ਦੇ ਮੌਕੇ ਤੇ ਵੀ ਇਨ੍ਹਾਂ ਨੇ ਹਿੰਦੁਸਤਾਨੀ ਦਰਸ਼ਨ ਦੀ ਲੋੜ ਬਾਰੇ ਕੋਈ ਗੱਲ ਨਹੀਂ ਕੀਤੀ। ਹਿੰਦੁਸਤਾਨੀ ਕਮਿਉਨਿਸਟਾਂ ਦੀ ਇਸ ਘਾਟ ਬਾਰੇ ਸਾਥੀ ਹਰਦਿਆਲ ਬੈਂਸ ਨੇ ਇਕ ਸਵਾਲ ਦੇ ਜਵਾਬ ਵਿਚ 1996 ਵਿਚ ਕਿਹਾ ਸੀ-----

"ਇਹ ਸਵਾਲ ਬੜਾ ਅਜੀਬ ਜਿਹਾ ਹੈ ਸਵਾਲ ਹੈ। ਮਸਲਾ ਇਹ ਹੈ ਕਿ, ਕੀ ਸਿਧਾਂਤ ਦੇ ਬਗੈਰ ਯੁਧਨੀਤੀ ਦਾ ਹੋਣਾ ਸੰਭਵ ਹੋ ਸਕਦਾ ਹੈ? ਨਹੀਂ, ਬਿਲਕੁਲ ਨਹੀਂ। ਸਿਧਾਂਤ ਹੀ ਚੇਤਨਾ ਦੇ ਰੂਪ ਨੂੰ ਘੜਦਾ ਹੈ। ਇਹ ਦੱਸਦਾ ਹੈ ਕਿ ਸਮਾਜ ਦੀ ਤਹਿ ਵਿਚ ਜੋ ਲਹਿਰ ਹੈ ਉਸ ਦਾ ਰੁਖ ਕਿਧਰ ਨੂੰ ਹੈ। ਕੀ ਅਸੀਂ ਹਿੰਦੁਸਤਾਨ ਦੇ ਸਮਾਜ ਦੀ ਗੱਲ ਕਰ ਹਾਂ, ਕਿ ਨਹੀਂ? ਕੀ ਅਸੀਂ ਹਿੰਦੁਸਤਾਨੀ ਸਮਾਜ ਦੇ ਹੇਠਲੀ ਹਲਚਲ ਬਾਰੇ ਗੱਲ ਨਹੀਂ ਕਰ ਰਹੇ? ਜੇ ਅਸੀਂ ਹਿੰਦੁਸਤਾਨੀ ਸਮਾਜ ਦੀ ਗੱਲ ਕਰ ਰਹੇ ਹਾਂ ਤਾਂ ਫੇਰ ਹਿੰਦੁਸਤਾਨੀ ਸਿਧਾਂਤ ਬਗੈਰ ਗੁਜ਼ਾਰਾ ਨਹੀਂ। ਸਾਨੂੰ ਇਕ ਅਜੇਹੀ ਚੇਤਨਾ ਚਾਹੀਦੀ ਹੈ, ਜੋ

ਬਤੌਰ ਇਕ ਇਨਕਲਾਬੀ ਤਾਕਤ ਦੇ, ਬਿਲਕੁਲ ਬੇਨੁਕਸ ਹੋਵੇ। ਇਸ ਤਰ੍ਹਾਂ ਦੀ ਚੇਤਨਾ ਕਿਥੋਂ ਆਵੇਗੀ ਜੇ ਸਾਨੂੰ ਇਹੋ ਇਲਮ ਨਹੀਂ ਕਿ ਸਮਾਜ ਦੀ ਤਹਿ ਹੇਠਾਂ ਕੀ ਹੋ ਰਿਹਾ ਹੈ?

ਹਿੰਦੁਸਤਾਨੀ ਸਿਧਾਂਤ ਨੂੰ ਵਿਕਸਤ ਕਰਨ ਦਾ ਸਾਰਾ ਕੰਮ ਜੇ ਪੂਰੀ ਸਖ਼ਤੀ ਅਤੇ ਜ਼ਬਤ ਨਾਲ ਕੀਤਾ ਜਾਵੇ ਤਾਂ ਹਿੰਦੁਸਤਾਨੀ ਕਮਿਉਨਿਸਟਾਂ ਵਿਚ ਇਹ ਅਥਾਹ ਹੌਂਸਲਾ ਅਤੇ ਵਿਸ਼ਵਾਸ ਪੈਦਾ ਕਰੇਗਾ ਜਿਹਦੀ ਇਸ ਵੇਲੇ ਇਨ੍ਹਾਂ ਵਿਚ ਘਾਟ ਹੈ। ਇਹਦੇ ਨਾਲ ਹੀ ਇਕ ਜਬਰਦਸਤ ਵਿਚਾਰਧਾਰਕ ਘੋਲ ਅਤੇ ਬਹਿਸ ਚਲਾਉਣ ਲਈ ਨੀਂਹ ਬਣੇਗੀ ਅਤੇ ਸਾਮਰਾਜਵਾਦ, ਬੁਰਜਵਾਜ਼ੀ ਅਤੇ ਸੰਸਾਰ ਪਿਛਾਖੜ ਦੇ ਸਿਧਾਂਤਾਂ ਦਾ ਟਾਕਰਾ ਕਰਨ ਲਈ ਵੀ ਹੱਥ ਮਜ਼ਬੂਤ ਹੋਣਗੇ। ਹਿੰਦੁਸਤਾਨ ਦੇ ਬੁੱਧੀਜੀਵੀ ਤਬਕੇ ਨੂੰ ਵੀ, ਪਹਿਲੀ ਵਾਰੀ, ਕੋਈ ਇਨਕਲਾਬੀ ਕੰਮ ਕਰਨ ਅਤੇ ਮੁਲਕ ਲਈ ਕੰਮ ਕਰਨ ਦਾ ਮੌਕਾ ਮਿਲੇਗਾ।

ਯੂਰੋ-ਕੇਂਦਰਵਾਦ ਦਾ ਮਤਲਬ ਸਿਰਫ਼ ਇਹੋ ਸਿਧਾਂਤ ਹੀ ਨਹੀਂ ਹਨ। ਯੂਰੋ-ਕੇਂਦਰਵਾਦ ਦਾ ਮਤਲਬ ਇਸ ਗੱਲੋਂ ਇਨਕਾਰ ਕਰਨਾ ਹੈ ਕਿ ਹੋਰ ਕਿਸੇ ਦੀ ਵੀ ਆਪਣੀ ਸੋਚ ਹੋਣ ਦੀ ਕੋਈ ਗੁੰਜਾਇਸ਼ ਹੋ ਸਕਦੀ ਹੈ। ਜੇ ਇਹ ਸਿਧਾਂਤ ਸਿਰਫ਼ ਸਾਮਰਾਜੀਆਂ ਅਤੇ ਸਰਮਾਏਦਾਰਾਂ ਦੇ ਹੁੰਦੇ ਅਤੇ ਇਨ੍ਹਾਂ ਪਿਛੇ ਕਿਸੇ ਕੌਮ ਜਾਂ ਨਸਲ ਦਾ ਜ਼ੋਰ ਨਾ ਹੁੰਦਾ ਤਾਂ ਲੋਕਾਂ ਨੇ ਹਰੇਕ ਥਾਂ ਇਨ੍ਹਾਂ ਸਿਧਾਂਤਾਂ ਨੂੰ ਕਦੋਂ ਦੇ ਹੀ ਰੱਦ ਕਰ ਚੁਕੇ ਹੋਣਾ ਸੀ। ਪਰ ਕਿਉਂਕਿ ਇਹ ਸਿਧਾਂਤ ਯੂਰਪ ਦੀ ਧਰਤੀ ਵਿਚੋਂ ਪੈਦਾ ਹੋਏ ਅਤੇ ਯੂਰਪ ਅਤੇ ਅਮਰੀਕਾ ਦੀਆਂ ਵੱਡੀਆਂ ਸ਼ਕਤੀਆਂ ਇਨ੍ਹਾਂ ਸਿਧਾਂਤਾਂ ਦੀਆਂ ਪ੍ਰਚਾਰਕ ਸਨ, ਇਸ ਕਰਕੇ ਇਹ ਸਰਮਾਏਦਾਰੀ ਅਤੇ ਸਾਮਰਾਜਵਾਦ ਦੇ ਮੁਫਾਦਾਂ ਦੀ ਰਾਖੀ ਦੇ ਹਥਿਆਰ ਬਣ ਗਏ। ਇਹ ਕੋਈ ਮਾਮੂਲੀ ਜਿਹੀ ਗੱਲ ਨਹੀਂ।"

ਇਕ ਸੁਆਲ ਪੁਛਣ ਵਾਲੇ ਨੇ ਕਿਹਾ ਕਿ, "ਮਾਰਕਸਵਾਦ-ਲੈਨਿਨਵਾਦ ਦੀ ਸਾਇੰਸ ਯੂਰਪੀਅਨ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੇ ਇਤਿਹਾਸ ਦਾ ਜਮ੍ਹਾਂ ਜੋੜ ਹੈ।"

ਇਹਦਾ ਜੁਆਬ ਦਿੰਦਿਆਂ ਕਾਮਰੇਡ ਬੈਂਸ ਨੇ ਕਿਹਾ ਸੀਃ

"ਨਹੀਂ, ਇਹ ਗੱਲ ਨਹੀਂ ਹੈ। ਮਾਰਕਸਵਾਦ-ਲੈਨਿਨਵਾਦ ਵਿਚ ਹਿੰਦੁਸਤਾਨ ਦੇ ਵਿਕਾਸ ਦਾ ਕਿੰਨਾ ਕੁ ਲੇਖਾ-ਜੋਖਾ ਹੈ? ਮਾਰਕਸਵਾਦ-ਲੈਨਿਨਵਾਦ, ਹਰੇਕ ਥਾਂ, ਅਮਲ ਦੀ ਰਹਿਨੁਮਾਈ ਕਰਨ ਵਾਲੀ ਵਿਚਾਰਧਾਰਾ ਹੈ ਪਰ ਇਹ ਕਹਿਣਾ ਕਿ "ਮਾਰਕਸਵਾਦ-ਲੈਨਿਨਵਾਦ ਸਾਰੀ ਮਨੁੱਖਤਾ ਦੇ ਇਤਿਹਾਸ ਦਾ ਜਮ੍ਹਾਂ ਜੋੜ ਹੈ," ਇਕ ਬਹੁਤ ਹੀ ਖ਼ਤਰਨਾਕ ਗੱਲ ਹੈ। ਇਸ ਤਰ੍ਹਾਂ ਦੀ ਗੱਲ ਕਰਨਾ ਮਾਰਕਸਵਾਦ-ਲੈਨਿਨਵਾਦ ਦੇ ਵਕਾਰ ਨੂੰ ਘਟਾਉਣਾ ਅਤੇ ਇਹਨੂੰ ਇਕ `ਲਕੀਰ ਦੇ ਫ਼ਕੀਰ` ਵਾਲੀ ਗੱਲ ਬਣਾ ਦੇਣਾ ਹੈ ਜੋ ਹਰੇਕ ਥਾਂ, ਹਰੇਕ ਹਾਲਾਤ ਵਿਚ, ਅਤੇ ਹਰੇਕ ਸਥਿਤੀ ਵਿਚ ਇਨ ਬਿਨ ਲਾਗੂ ਹੋਣ ਵਾਲਾ ਮੰਤਰ ਹੋਵੇ।

ਇਸ ਵੇਲੇ ਮਾਰਕਸਵਾਦ-ਲੈਨਿਨਵਾਦ ਨੂੰ ਵੀ ਯੂਰੋ-ਕੇਂਦਰਵਾਦ ਦੀਆਂ ਐਨਕਾਂ ਨਾਲ ਵੇਖਣ ਦਾ ਰਿਵਾਜ ਜ਼ੋਰਾਂ ਤੇ ਹੈ। ਅਤੇ ਆਪਣਾ ਸਿਧਾਂਤ ਵਿਕਸਤ ਕਰਨ ਦਾ ਕੰਮ ਨਾ ਕਰਨ ਲਈ ਕਈ ਇਸ ਤੱਥ ਨੂੰ ਇਕ ਬਹਾਨੇ ਵਜੋਂ ਵਰਤ ਰਹੇ ਹਨ। ਆਪਣਾ ਕੰਮ ਕਰਨ ਦੀ ਬਜਾਏ ਉਹ ਆਪ ਵੀ ਮਾਰਕਸਵਾਦ-ਲੈਨਿਨਵਾਦ ਨੂੰ ਯੂਰੋ-ਕੇਂਦਰਵਾਦ ਦੀ ਨਜ਼ਰ ਨਾਲ ਹੀ ਵੇਖਣ ਲੱਗ ਪੈਂਦੇ ਹਨ ਅਤੇ ਮਾਰਕਸਵਾਦ-ਲੈਨਿਨਵਾਦ ਨੂੰ ਯੂਰੋ-ਕੇਂਦਰਵਾਦ ਵਿਚ ਰੰਗਦੇ ਹਨ।

ਹੋਰ, ਇਹ ਕਹਿਣਾ ਕਿ "ਮਾਰਕਸਵਾਦ-ਲੈਨਿਨਵਾਦ ਸਾਰੀ ਮਨੁੱਖਤਾ ਦੇ ਇਤਿਹਾਸ ਦਾ ਲੇਖਾ-ਜੋਖਾ ਹੈ," ਇਕ ਲਾਪਰਵਾਹੀ ਵਾਲੀ ਅਤੇ ਗਲਤ ਗੱਲ ਹੈ। ਜੇ.ਵੀ. ਸਟਾਲਿਨ ਕਹਿੰਦੇ ਹਨ, "ਲੈਨਿਨਵਾਦ, ਸਾਮਰਾਜਵਾਦ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਯੁਗ ਦਾ ਮਾਰਕਸਵਾਦ ਹੈ। ਗੱਲ ਹੋਰ ਵੀ ਨਿਖਾਰਨੀ ਹੋਵੇ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਲੈਨਿਨਵਾਦ ਮੁਖ ਤੌਰ ਤੇ ਪ੍ਰੋਲਤਾਰੀ ਇਨਕਲਾਬ ਦਾ ਸਿਧਾਂਤ ਅਤੇ ਦਾਅ-ਪੇਚ ਹੈ, ਅਤੇ ਖ਼ਾਸ ਤੌਰ ਤੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਦਾ ਦਾਅ ਪੇਚ ਅਤੇ ਸਿਧਾਂਤ ਹੈ।" ਹਿੰਦੁਸਤਾਨ ਦੇ ਹਾਲਾਤਾਂ ਵਿਚ ਇਹ ਸਿਧਾਂਤ ਅਤੇ ਦਾਅ-ਪੇਚ ਲਾਗੂ ਕਿਵੇਂ ਕੀਤੇ ਜਾ ਸਕਦੇ ਹਨ ਜੇ ਸਾਨੂੰ ਇਹੋ ਨਹੀਂ ਪਤਾ ਕਿ ਹਿੰਦੁਸਤਾਨ ਦੇ ਹਾਲਾਤ ਕੀ ਹਨ, ਜੇ ਹਿੰਦੁਸਤਾਨ ਦੀ ਆਰਥਿਕਤਾ ਦਾ ਕੋਈ ਇਲਮ ਨਹੀਂ, ਜੇ ਹਿੰਦੁਸਤਾਨ ਦੇ ਫ਼ਲਸਫ਼ੇ, ਸਿਆਸਤ ਅਤੇ ਸਭਿਆਚਾਰ ਦਾ ਕੋਈ ਇਲਮ ਨਹੀਂ?"

ਹਿੰਦੁਸਤਾਨੀ ਲੋਕ ਅਤੇ ਕਮਿਉਨਿਸਟ ਜਿੰਨਾਂ ਚਿਰ ਯੂਰਪੀਅਨ ਲਿਬਰਲਵਾਦ ਅਤੇ ਹੋਰ ਸਿਧਾਂਤ ਤਿਆਗ ਕੇ ਹਿੰਦੁਸਤਾਨੀ ਦਰਸ਼ਨ ਤੋਂ ਸੇਧ ਨਹੀਂ ਲੈਂਦੇ ਉਨਾਂ ਚਿਰ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕਦੀ। ਲੋਕਾਂ ਲਈ ਇਹ ਦੁੱਖ ਦੀ ਗੱਲ ਹੈ ਕਿ ਪਾਰਟੀ ਦੀ ੮੦ਵੀਂ ਵਰ੍ਹੇ-ਗੰਢ ਦੇ ਮੌਕੇ ਉੱਤੇ ਵੀ ਇਸ ਅਹਿਮ ਮੁੱਦੇ ਬਾਰੇ ਕਮਿਉਨਿਸਟਾਂ ਨੇ ਇਸ ਘਾਟ ਨੂੰ ਪੂਰਾ ਕਰਨ ਬਾਰੇ ਕੋਈ ਗਲ ਨਹੀਂ ਕੀਤੀ ਅਤੇ ਆਪਣੀ ਇਸ ਗਲਤੀ ਤੋਂ ਕੋਈ ਸਬਕ ਸਿੱਖਣ ਬਾਰੇ ਪਰਖ-ਪੜਚੋਲ ਨਹੀਂ ਕੀਤੀ। ਹਿੰਦੁਸਤਾਨੀ ਦਰਸ਼ਨ ਬਗੈਰ ਇਨਕਲਾਬ ਅੱਗੇ ਨਹੀਂ ਵੱਧ ਸਕਦਾ। ਇਹ ਕੰਮ ਲੋਕਾਂ ਨੂੰ ਕਰਨਾ ਹੀ ਪਵੇਗਾ ਅਤੇ ਲੋਕ ਇਸ ਤਾਰੀਖ਼ੀ ਲੋੜ ਨੂੰ ਸਮਝ ਕੇ ਵੱਖ ਵੱਖ ਥਾਂਵਾਂ ਤੇ ਹਿੰਦੁਸਤਾਨ ਵਿਚ ਵੀ ਅਤੇ ਬਾਹਰਲੇ ਮੁਲਕਾਂ ਵਿਚ ਵੀ ਇਸ ਮਸਲੇ ਬਾਰੇ ਵਿਚਾਰ ਵਟਾਂਦਰੇ ਅਤੇ ਗੋਸ਼ਟੀਆਂ ਕਰ ਰਹੇ ਹਨ। ਸਾਥੀ ਹਰਦਿਆਲ ਬੈਂਸ ਦੀ ਅਗਵਾਈ ਵਿਚ ਇਹ ਕੰਮ 1990 ਵਿਚ ਹਿੰਦੁਸਤਾਨੀ ਦਰਸ਼ਨ ਬਾਰੇ ਕਾਨਫਰੰਸਾਂ ਦੀ ਲੜੀ ਨਾਲ ਸ਼ੁਰੂ ਹੋਇਆ। ਕਨੇਡਾ, ਅਮਰੀਕਾ, ਇੰਗਲੈਂਡ ਅਤੇ ਟਿਰੀਨੀਦਾਦ ਵਿਚ ਹਿੰਦੁਸਤਾਨੀ ਦਰਸ਼ਨ ਬਾਰੇ ਬਹੁਤ ਹੀ ਕਾਮਯਾਬ ਕਾਨਫਰੰਸਾਂ ਹੋਇਆਂ। ਹਿੰਦੁਸਤਾਨ ਵਿਚ ਵੀ

ਹਿੰਦੁਸਤਾਨੀ ਦਰਸ਼ਨ ਤੋਂ ਸੇਧ ਲੈ ਕੇ ਮਸਲੇ ਹੱਲ ਕਰਨ ਲਈ ਵਿਚਾਰ ਵਟਾਂਦਰੇ ਅਤੇ ਗੋਸ਼ਟੀਆਂ ਹੋ ਰਹੀਆਂ ਹਨ। ਨੌਜਵਾਨ, ਦੇਸ਼-ਭਗਤ, ਰੌਸ਼ਨ ਖ਼ਿਆਲ ਅਤੇ ਬੁੱਧੀਜੀਵੀ ਆਪਣੇ ਦਰਸ਼ਨ ਤੋਂ ਸੇਧ ਲੈ ਕੇ ਆਪਣੇ ਮਸਲੇ ਹੱਲ ਕਰਨ ਲਈ ਉਦਮ ਕਰ ਰਹੇ ਹਨ। ਕਮਿਊਨਿਸਟਾਂ ਨੂੰ ਇਸ ਕੰਮ ਵਿਚ ਮੋਹਰੇ ਹੋ ਕੇ ਹਿੱਸਾ ਪਾਉਣਾ ਚਾਹੀਦਾ ਹੈ। ਹਿੰਦੁਸਤਾਨੀ ਇਨਕਲਾਬੀ ਸਿਧਾਂਤ ਬਗੈਰ ਇਨਕਲਾਬ ਨਾਮੁਮਕਨ ਹੀ ਹੈ।